# PR TRAZIMERA®
## (ਟਰਾਸਟੁਜ਼ੁਮੈਬ)
### ਨਾਲ ਤੁਹਾਡੀ ਜਾਣ-ਪਛਾਣ



Pr Trazimera®
(ਟਰਾਸਟੁਜ਼ੁਮੈਬ)

Pfizer

# ਮੇਰੇ TRAZIMERA ਇਲਾਜ ਦੀ ਸ਼ੁਰੂਆਤ

ਕਿਸੇ ਵੀ ਨਵੇਂ ਇਲਾਜ ਦੀ ਸ਼ੁਰੂਆਤ ਇੱਕ ਚੁਣੌਤੀ ਹੋ ਸਕਦੀ ਹੈ – ਇਸ ਲਈ ਤੁਹਾਡੇ ਲਈ ਸਹਾਇਤਾ ਵਾਸਤੇ ਪਹੁੰਚ ਕਰਨਾ ਮਹੱਤਵਪੂਰਨ ਹੈ। ਇਸ TRAZIMERA ਬਰੋਸ਼ਰ ਨੂੰ ਬਿਲਕੁਲ ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜ਼ਾਇਨ ਕੀਤਾ ਗਿਆ ਹੈ: ਉਸ ਦਵਾਈ ਬਾਰੇ ਤੁਹਾਨੂੰ ਸਹਾਇਤਾ ਕਰਨ ਵਿੱਚ ਮਦਦ ਕਰਨ ਲਈ ਅਤੇ ਤੁਹਾਨੂੰ ਉਸ ਬਾਰੇ ਸੂਚਿਤ ਕਰਨ ਲਈ ਜਿਸਦੀ ਤੁਹਾਨੂੰ ਤਜਵੀਜ਼ ਕੀਤੀ ਗਈ ਹੈ।

TRAZIMERA ਬਾਰੇ ਮੁੱਢਲੀਆਂ ਗੱਲਾਂ ਜਾਣਨ ਲਈ ਇਸ ਬਰੋਸ਼ਰ ਨੂੰ ਪੜ੍ਹਨਾ ਯਕੀਨੀ ਬਣਾਓ ਅਤੇ ਤੁਹਾਡੇ ਇਲਾਜ ਅਤੇ ਤੁਹਾਡੀ ਬਿਮਾਰੀ ਨਾਲ ਕਿਵੇਂ ਨਿਪਟਣਾ ਹੈ, ਇਸ ਗੱਲ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਸਨੂੰ ਪਹੁੰਚ ਵਿੱਚ ਰੱਖਣਾ ਯਾਦ ਰੱਖੋ। ਇਸਦੇ ਨਾਲ ਹੀ, ਇਸ ਬਾਰੇ ਆਪਣੇ ਆਪ ਨਾਲ ਅਤੇ ਆਪਣੀ ਸਿਹਤ-ਸੰਭਾਲ ਟੀਮ ਨਾਲ ਇਮਾਨਦਾਰ ਰਹੋ ਕਿ ਤੁਹਾਡਾ ਕੀ ਹਾਲ-ਚਾਲ ਹੈ ਅਤੇ ਜਦੋਂ ਤੁਹਾਡੀ ਇਲਾਜ ਯੋਜਨਾ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ ਤਾਂ ਉਨ੍ਹਾਂ ਨਾਲ ਗੱਲ ਕਰੋ।

# TRAZIMERA ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

TRAZIMERA ਇੱਕ ਕੈਂਸਰ ਦੀ ਦਵਾਈ ਹੈ ਜਿਸਦੀ ਵਰਤੋਂ ਵਿਸ਼ੇਸ਼ ਤੌਰ 'ਤੇ ਔਰਤਾਂ ਦੀ ਛਾਤੀ ਦੇ ਕੈਂਸਰ ਦੇ ਸੈੱਲਾਂ ਦੇ ਵਾਧੇ ਨੂੰ ਹੌਲੀ ਕਰਨ ਲਈ ਕੀਤੀ ਜਾਂਦੀ ਹੈ ਜੋ ਵੱਡੀ ਮਾਤਰਾ ਵਿੱਚ HER2 ਪ੍ਰੋਟੀਨ ਪੈਦਾ ਕਰਦੇ ਹਨ। ਇਸ ਦੀ ਵਰਤੋਂ ਸਿਰਫ ਉਨ੍ਹਾਂ ਮਰੀਜ਼ਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਟਿਊਮਰ, ਸੈੱਲਾਂ ਵਿੱਚ ਜੈਨੇਟਿਕ ਸਮੱਸਿਆ ਕਾਰਨ ਆਮ ਨਾਲੋਂ ਵੱਧ ਤੇਜ਼ੀ ਨਾਲ ਵਾਧਾ ਹੋ ਰਿਹਾ ਹੋਵੇ। ਇਹ ਛਾਤੀ ਦੇ ਕੈਂਸਰ ਦੇ ਟਿਊਮਰ ਦੇ ਲੱਗਭਗ 25 ਤੋਂ 30% ਵਿੱਚ ਵਾਪਰਦਾ ਹੈ।

ਜੇਕਰ ਤੁਹਾਡੇ ਡਾਕਟਰ ਨੇ TRAZIMERA ਅਤੇ Perjeta® (ਪਰਟੂਜ਼ੂਮੈਬ) ਅਤੇ ਕੀਮੋਥੈਰੇਪੀ ਦਵਾਈ ਡੋਸੀਟੈਕਸਲ ਦੇ ਸੁਮੇਲ ਦੀ ਤਜਵੀਜ਼ ਕੀਤੀ ਹੈ, ਤਾਂ ਤੁਹਾਨੂੰ ਇਨ੍ਹਾਂ ਦਵਾਈਆਂ ਦੇ ਪਰਚਿਆਂ ਨੂੰ ਵੀ ਪੜ੍ਹਨਾ ਚਾਹੀਦਾ ਹੈ।

# TRAZIMERA ਦੀ ਵਰਤੋਂ ਕਦੋਂ ਕੀਤੀ ਜਾਣੀ ਚਾਹੀਦੀ ਹੈ?

ਉਹ ਮਰੀਜ਼ ਜਿੰਨ੍ਹਾਂ ਦੀਆਂ ਛਾਤੀਆਂ ਦੇ ਕੈਂਸਰ ਦੇ ਟਿਊਮਰ ਸੈੱਲ HER2 ਪ੍ਰੋਟੀਨ ਵੱਡੀ ਮਾਤਰਾ ਵਿੱਚ ਪੈਦਾ ਕਰਦੇ ਹਨ, ਉਹ TRAZIMERA ਦੀ ਵਰਤੋਂ ਕਰ ਸਕਦੇ ਹਨ।

TRAZIMERA ਨੂੰ ਹੇਠ ਲਿਖਿਆਂ ਲਈ ਵਰਤਿਆ ਜਾਂਦਾ ਹੈ:

- ਛਾਤੀ ਦੇ ਸ਼ੁਰੂਆਤੀ ਕੈਂਸਰ ਵਾਲੇ ਕੁਝ ਮਰੀਜ਼ਾਂ ਲਈ:
  - ਸਰਜਰੀ ਤੋਂ ਬਾਅਦ ਅਤੇ ਕੀਮੋਥੈਰੇਪੀ ਤੋਂ ਬਾਅਦ; ਜਾਂ
  - ਸਰਜਰੀ ਤੋਂ ਬਾਅਦ ਅਤੇ ਟੈਕਸੇਨ ਅਤੇ ਕਾਰਬੋਪਲੇਟਿਨ ਕੀਮੋਥੈਰੇਪੀ ਦੇ ਨਾਲ
- ਉਨ੍ਹਾਂ ਮਰੀਜ਼ਾਂ ਲਈ ਜਿੰਨ੍ਹਾਂ ਦੀ ਛਾਤੀ ਦਾ ਕੈਂਸਰ ਸਰੀਰ ਦੇ ਹੋਰਨਾਂ ਭਾਗਾਂ ਜਾਂ ਅੰਗਾਂ ਵਿੱਚ ਫੈਲ ਗਿਆ ਹੈ



# TRAZIMERA ਕਿਵੇਂ ਕੰਮ ਕਰਦੀ ਹੈ?

TRAZIMERA ਦਵਾਈਆਂ ਦੇ ਇੱਕ ਅਜਿਹੇ ਪਰਿਵਾਰ ਦਾ ਹਿੱਸਾ ਹੈ ਜਿੰਨ੍ਹਾਂ ਨੂੰ ਮੋਨੋਕਲੋਨਲ ਐਂਟੀਬਾਡੀਜ਼ ਕਹਿੰਦੇ ਹਨ। ਮੋਨੋਕਲੋਨਲ ਐਂਟੀਬਾਡੀਜ਼ ਵਿੱਚ ਕੈਂਸਰ ਦੇ ਸੈੱਲਾਂ ਉੱਪਰਲੇ ਪ੍ਰੋਟੀਨਾਂ ਨਾਲ ਜੁੜਨ ਦੀ ਯੋਗਤਾ ਹੁੰਦੀ ਹੈ।

ਇਹ ਕੈਂਸਰ ਸੈੱਲ 'ਤੇ HER2 ਰਿਸੈਪਟਰ ਨਾਲ ਜੁੜ ਜਾਂਦੀ ਹੈ ਅਤੇ ਇਹ ਕੈਂਸਰ ਸੈੱਲਾਂ ਦੇ ਵਾਧੇ ਨੂੰ ਰੋਕਣ ਵਿੱਚ ਮਦਦ ਕਰਨ ਲਈ ਅਤੇ ਸੰਭਵ ਤੌਰ 'ਤੇ ਇਨ੍ਹਾਂ ਨੂੰ ਨਸ਼ਟ ਕਰਨ ਦਾ ਕੰਮ ਕਰਦੀ ਹੈ।

# TRAZIMERA ਕਿਹੜੇ ਰੂਪਾਂ ਵਿੱਚ ਉਪਲਬਧ ਹੈ?

TRAZIMERA ਇੱਕ ਡਿਲੂਅੰਟ (ਘੁਲਣਸ਼ੀਲ ਤਰਲ) ਨਾਲ ਮਿਲਾਉਣ ਲਈ ਸਟਰਾਈਲ ਪਾਊਡਰ ਦੇ ਰੂਪ ਵਿੱਚ ਉਪਲਬਧ ਹੈ।

- TRAZIMERA ਦੀ 150 mg ਸ਼ੀਸ਼ੀ
- TRAZIMERA ਦੀ 440 mg ਸ਼ੀਸ਼ੀ

ਸ਼ੀਸ਼ੀ ਦੇ ਸਟੌਪਰ ਨੂੰ ਕੁਦਰਤੀ ਰਬੜ ਲੇਟੈਕਸ ਨਾਲ ਨਹੀਂ ਬਣਾਇਆ ਜਾਂਦਾ।

# ਮੈਨੂੰ TRAZIMERA ਕਿਵੇਂ ਦਿੱਤੀ ਜਾਵੇਗੀ?

TRAZIMERA ਨੂੰ ਇੱਕ ਨਸ ਰਾਹੀਂ ਭਾਵ ਇੰਟਰਾਂਵੇਨਸ (IV) ਇਨਫਿਊਜ਼ਨ ਵਜੋਂ ਦਿੱਤਾ ਜਾਂਦਾ ਹੈ (ਬਾਂਹ ਜਾਂ ਹੱਥ ਦੀ ਕਿਸੇ ਨਸ ਵਿੱਚ ਸੂਈ ਰਾਹੀਂ ਪਾ ਕੇ)।

# ਮੈਨੂੰ TRAZIMERA ਕਿੰਨੇ ਵਾਰ ਦਿੱਤੀ ਜਾਵੇਗੀ?

ਤੁਹਾਡੀ ਰਜਿਸਟਰਡ ਨਰਸ ਤੁਹਾਡੇ ਡਾਕਟਰ ਵੱਲੋਂ ਤੈਅ TRAZIMERA ਦੀ ਤੁਹਾਡੀ ਖ਼ੁਰਾਕ ਬਕਾਇਦਾ ਅੰਤਰਾਲਾਂ 'ਤੇ ਦੇਵੇਗੀ (ਆਮ ਤੌਰ 'ਤੇ ਹਰ 3 ਹਫ਼ਤਿਆਂ ਬਾਅਦ)।

ਪਹਿਲੀ ਵਾਰ ਜਦੋਂ ਤੁਹਾਨੂੰ TRAZIMERA ਇਨਫਿਊਜ਼ਨ ਦਿੱਤਾ ਜਾਂਦਾ ਹੈ, ਤਾਂ ਇਸਨੂੰ ਲੱਗਭਗ 90 ਮਿੰਟ ਲੱਗਣਗੇ। ਜੇਕਰ ਤੁਸੀਂ ਇਸ ਇਨਫਿਊਜ਼ਨ ਨੂੰ ਚੰਗੀ ਤਰ੍ਹਾਂ ਸਹਿਣ ਕਰਦੇ ਹੋ, ਤਾਂ ਇਸਦੇ ਬਾਅਦ ਵਾਲੇ ਇਨਫਿਊਜ਼ਨਾਂ ਲਈ ਘੱਟ ਸਮੇਂ ਦੀ ਲੋੜ ਪੈ ਸਕਦੀ ਹੈ, ਆਮ ਤੌਰ 'ਤੇ ਲੱਗਭਗ 30 ਮਿੰਟ।




ਪਹਿਲੀ ਇਨਫਿਊਜ਼ਨ — ਬਾਅਦ ਦੀਆਂ ਇਨਫਿਊਜ਼ਨਾਂ

**ਤੁਹਾਡੀ TRAZIMERA ਇਲਾਜ ਦੀ ਮਿਆਦ ਅਤੇ ਇਸਨੂੰ ਕਿੰਨ੍ਹਾ ਕੁ ਸਮਾਂ ਲੱਗਦਾ ਹੈ, ਇਹ ਤੁਹਾਡੇ ਪ੍ਰਤਿਕਿਰਿਆ 'ਤੇ ਨਿਰਭਰ ਕਰੇਗਾ। ਤੁਹਾਡਾ ਡਾਕਟਰ ਤੁਹਾਡੇ ਹੁੰਗਾਰੇ 'ਤੇ ਨਜ਼ਰ ਰੱਖੇਗਾ ਅਤੇ ਇਹ ਫੈਸਲਾ ਕਰੇਗਾ ਕਿ ਤੁਹਾਨੂੰ ਇਲਾਜਾਂ ਦੇ ਕਿੰਨ੍ਹੇ ਕੁ ਦੌਰ ਪ੍ਰਾਪਤ ਹੋਣਗੇ।**

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## TRAZIMERA ਲੈਣ ਤੋਂ ਪਹਿਲਾਂ ਮੈਨੂੰ ਕੀ ਜਾਣਕਾਰੀ ਹੋਣੀ ਚਾਹੀਦੀ ਹੈ?

ਜੇਕਰ ਤੁਹਾਨੂੰ ਟਰਾਸਟੁਜ਼ੁਮੈਬ, ਚੀਨੀ ਹੈਮਸਟਰ ਅੰਡਕੋਸ਼ ਸੈੱਲ ਪ੍ਰੋਟੀਨ, ਜਾਂ ਇਸਦੇ ਕਿਸੇ ਵੀ ਅੰਸ਼ਾਂ ਤੋਂ ਐਲਰਜੀ ਹੈ ਤਾਂ TRAZIMERA ਦੀ ਵਰਤੋਂ ਨਾ ਕਰੋ।

ਜੇਕਰ ਤੁਹਾਡੇ ਡਾਕਟਰ ਨੇ TRAZIMERA ਅਤੇ Perjeta® (ਪਰਟੂਜ਼ੁਮੈਬ) ਅਤੇ ਕੀਮੋਥੈਰੇਪੀ ਦਵਾਈ ਡੋਸੀਟੈਕਸਲ ਦੇ ਸੁਮੇਲ ਦੀ ਤਜਵੀਜ਼ ਕੀਤੀ ਹੈ, ਤਾਂ ਤੁਹਾਨੂੰ ਇਨ੍ਹਾਂ ਦਵਾਈਆਂ ਦੇ ਪਰਚਿਆਂ ਨੂੰ ਵੀ ਪੜ੍ਹਨਾ ਚਾਹੀਦਾ ਹੈ।

TRAZIMERA ਦਾ ਗੱਡੀ ਚਲਾਉਣ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਦੀ ਯੋਗਤਾ 'ਤੇ ਮਾਮੂਲੀ ਅਸਰ ਪੈਂਦਾ ਹੈ। TRAZIMERA ਨਾਲ ਇਲਾਜ ਦੌਰਾਨ ਚੱਕਰ ਅਤੇ ਨੀਂਦਰਾ ਆ ਸਕਦਾ ਹੈ। ਜੇਕਰ ਤੁਹਾਨੂੰ ਇਨਫਿਊਜ਼ਨ ਨਾਲ ਸਬੰਧਿਤ ਅਣਚਾਹੇ ਅਸਰ ਹੁੰਦੇ ਹਨ (ਜਿਵੇਂ ਕਿ ਖਾਰਿਸ਼, ਛਾਤੀ ਵਿੱਚੋਂ ਸੀਟੀਆਂ ਵੱਜਣ ਵਰਗੀ ਆਵਾਜ਼ ਆਉਣਾ, ਚੱਕਰ ਆਉਣੇ, ਜਾਂ ਦਿਲ ਧੜਕਨ ਵਧਣਾ) ਤਾਂ ਤੁਹਾਨੂੰ ਉਦੋਂ ਤੱਕ ਗੱਡੀ ਨਹੀਂ ਚਲਾਉਣੀ ਚਾਹੀਦੀ ਜਾਂ ਮਸ਼ੀਨਰੀ ਨਹੀਂ ਚਲਾਉਣੀ ਚਾਹੀਦੀ ਜਦੋਂ ਤੱਕ ਲੱਛਣ ਪੂਰੀ ਤਰ੍ਹਾਂ ਠੀਕ ਨਹੀਂ ਹੋ ਜਾਂਦੇ।

## ਅਣਚਾਹੇ ਅਸਰਾਂ ਤੋਂ ਬਚਣ ਵਿੱਚ ਮਦਦ ਲਈ ਅਤੇ ਉਚਿਤ ਵਰਤੋਂ ਨੂੰ ਯਕੀਨੀ ਬਣਾਉਣ ਲਈ, TRAZIMERA ਲੈਣ ਤੋਂ ਪਹਿਲਾਂ ਆਪਣੇ ਸਿਹਤ-ਸੰਭਾਲ ਪੇਸ਼ੇਵਰ ਨਾਲ ਗੱਲ ਕਰੋ

ਤੁਹਾਨੂੰ ਹੋ ਸਕਣ ਵਾਲੀਆਂ ਕਿਸੇ ਵੀ ਸਿਹਤ ਅਵਸਥਾਵਾਂ ਜਾਂ ਸਮੱਸਿਆਵਾਂ ਬਾਰੇ ਗੱਲ ਕਰੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਜੇਕਰ:

- ਤੁਹਾਨੂੰ ਕਦੇ ਵੀ TRAZIMERA, ਬੈਨਜ਼ਾਈਲ ਅਲਕੋਹਲ, ਜਾਂ ਕਿਸੇ ਵੀ ਗੈਰ-ਸਰਗਰਮ ਸੰਘਟਕਾਂ ਤੋਂ ਉਲਟਾ ਰਿਐਕਸ਼ਨ ਹੋਇਆ ਹੈ
- ਤੁਹਾਨੂੰ ਹੋਰ ਦਵਾਈਆਂ, ਭੋਜਨ ਅਤੇ ਡਾਈਆਂ ਤੋਂ ਐਲਰਜੀ ਹੈ
- ਤੁਸੀਂ ਕੋਈ ਹੋਰ ਦਵਾਈਆਂ ਲੈ ਰਹੇ ਹੋ, ਜਿਸ ਵਿੱਚ ਤੁਹਾਡੇ ਡਾਕਟਰ ਵੱਲੋਂ ਤਜਵੀਜ਼ ਨਹੀਂ ਕੀਤੀਆਂ ਗਈਆਂ ਦਵਾਈਆਂ ਵੀ ਸ਼ਾਮਲ ਹਨ
- ਤੁਹਾਨੂੰ ਕੋਈ ਹੋਰ ਬਿਮਾਰੀ ਜਾਂ ਰੋਗ ਹਨ, ਜਿਵੇਂ ਕਿ ਦਿਲ ਦੀਆਂ ਸਮੱਸਿਆਵਾਂ, ਦਿਲ ਦੀ ਬਿਮਾਰੀ, ਸਾਹ ਲੈਣ ਦੀ ਸਮੱਸਿਆ ਜਾਂ ਫੇਫੜਿਆਂ ਦੀ ਬਿਮਾਰੀ; ਸ਼ੁਰੂਆਤੀ ਛਾਤੀ ਦੇ ਕੈਂਸਰ ਅਤੇ ਛਾਤੀ ਦਾ ਕੈਂਸਰ ਦੋਨਾਂ ਵਿੱਚ ਹੀ ਜੇਰੀਆਟਿਕ ਮਰੀਜ਼ਾਂ ਵਿੱਚ ਦਿਲ ਦੀਆਂ ਸਮੱਸਿਆਵਾਂ ਦਾ ਖਤਰਾ ਵਧ ਸਕਦਾ ਹੈ ਜੋ ਸਰੀਰ ਦੇ ਹੋਰ ਭਾਗਾਂ ਜਾਂ ਅੰਗਾਂ ਵਿੱਚ ਫੈਲ ਗਿਆ ਹੈ; ਜੇ ਤੁਸੀਂ ਕੀਮੋਥੈਰੇਪੀ ਦਵਾਈਆਂ ਲਈਆਂ ਹਨ ਜੋ ਫੇਫੜਿਆਂ ਲਈ ਜ਼ਹਿਰੀਲੀਆਂ ਹਨ ਤਾਂ ਫੇਫੜਿਆਂ ਦੀ ਬਿਮਾਰੀ ਦਾ ਖਤਰਾ ਵਧ ਸਕਦਾ ਹੈ
- ਤੁਹਾਡਾ ਪਹਿਲਾਂ ਹੀ ਕੀਮੋਥੈਰੇਪੀ ਦਵਾਈਆਂ (ਖਾਸ ਕਰਕੇ ਐਂਥਰਾਸਾਈਕਲੀਨ ਜਿਵੇਂ ਕਿ ਡੋਕਸੋਰੂਬੀਸਿਨ, ਐਪੀਰੂਬੀਸਿਨ ਜਾਂ ਸੰਬੰਧਿਤ ਦਵਾਈਆਂ ਜਿਵੇਂ ਕਿ ਮਾਈਟੋਕਸੈਂਟ੍ਰੋਨ) ਜਾਂ ਰੇਡੀਏਸ਼ਨ ਥੈਰੇਪੀ ਨਾਲ ਇਲਾਜ ਕੀਤਾ ਜਾ ਚੁੱਕਾ ਹੈ
- ਤੁਸੀਂ ਗਰਭਵਤੀ ਹੋ, ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ ਜਾਂ ਕਿਸੇ ਬੱਚੇ ਨੂੰ ਛਾਤੀ ਦਾ ਦੁੱਧ ਪਿਲਾ ਰਹੇ ਹੋ। ਕਿਰਪਾ ਕਰਕੇ ਨੋਟ ਕਰੋ ਕਿ ਟਰਾਸਟੁਜ਼ੁਮੈਬ ਲੈਣ ਵਾਲੀਆਂ ਗਰਭਵਤੀ ਔਰਤਾਂ ਵਿੱਚ ਐਮਨੀਓਟਿਕ ਤਰਲ ਦੀ ਮਾਤਰਾ ਵਿੱਚ ਕਮੀ ਦੇਖੀ ਗਈ ਹੈ
- ਆਰਾਮ ਕਰਦੇ ਸਮੇਂ ਸਾਹ ਲੈਣ ਵਿੱਚ ਮੁਸ਼ਕਿਲ ਹੁੰਦੀ ਹੈ

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## TRAZIMERA ਦੇ ਸੰਭਾਵੀ ਅਣਚਾਹੇ ਅਸਰ ਕੀ ਹਨ?

ਇਹ ਉਹ ਸਾਰੇ ਸੰਭਾਵੀ ਅਣਚਾਹੇ ਅਸਰ ਨਹੀਂ ਹਨ ਜਿੰਨ੍ਹਾਂ ਨੂੰ ਤੁਸੀਂ TRAZIMERA ਲੈਂਦੇ ਸਮੇਂ ਮਹਿਸੂਸ ਕਰ ਸਕਦੇ ਹੋ। ਜੇਕਰ ਤੁਹਾਨੂੰ ਕਿਸੇ ਵੀ ਅਜਿਹੇ ਅਣਚਾਹੇ ਅਸਰਾਂ ਦਾ ਤਜ਼ਰਬਾ ਹੁੰਦਾ ਹੈ ਜੋ ਇੱਥੇ ਸੂਚੀਬੱਧ ਨਹੀਂ ਹਨ, ਤਾਂ ਆਪਣੇ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ। ਅਣਚਾਹੇ ਅਸਰ ਸਾਰੀਆਂ ਦਵਾਈਆਂ ਦੇ ਨਾਲ ਸੰਭਵ ਹਨ। ਜੇਕਰ ਤੁਹਾਨੂੰ ਅਣਚਾਹੇ ਅਸਰਾਂ ਬਾਰੇ ਚਿੰਤਾ ਹੈ ਜਾਂ ਜੇਕਰ ਤੁਹਾਨੂੰ ਇਹ ਬਹੁਤ ਪਰੇਸ਼ਾਨ ਕਰਨ ਵਾਲੇ ਲੱਗਦੇ ਹਨ ਤਾਂ ਆਪਣੇ ਡਾਕਟਰ, ਨਰਸ ਜਾਂ ਫਾਰਮੇਸੀ ਵਾਲੇ ਨਾਲ ਗੱਲ ਕਰੋ ਅਤੇ ਕਿਸੇ ਵੀ ਨਵੇਂ ਜਾਂ ਨਿਰੰਤਰ ਲੱਛਣਾਂ ਦੀ ਰਿਪੋਰਟ ਆਪਣੇ ਡਾਕਟਰ ਨੂੰ ਤੁਰੰਤ ਕਰੋ। ਤੁਹਾਡਾ ਡਾਕਟਰ ਤੁਹਾਨੂੰ ਇਹ ਦੱਸ ਸਕੇਗਾ ਕਿ ਕੀ ਕਰਨਾ ਹੈ ਅਤੇ ਹੋ ਸਕਦਾ ਹੈ ਉਹ ਇਨ੍ਹਾਂ ਅਣਚਾਹੇ ਅਸਰਾਂ ਵਿੱਚ ਤੁਹਾਡੀ ਮਦਦ ਕਰਨ ਵਿੱਚ ਸਮਰੱਥ ਹੋਵੇ।

ਕੁਝ ਕੁ ਅਣਚਾਹੇ ਅਸਰ ਪਹਿਲੇ ਇਨਫਿਊਜ਼ਨ ਦੌਰਾਨ ਜਾਂ ਇਸਦੇ ਪੂਰਾ ਹੋਣ ਦੇ ਥੋੜ੍ਹੇ ਸਮੇਂ ਬਾਅਦ ਵਾਪਰਦੇ ਹਨ। ਪ੍ਰਭਾਵ ਆਮ ਤੌਰ 'ਤੇ ਲੰਬੇ ਸਮੇਂ ਤੱਕ ਨਹੀਂ ਰਹਿੰਦੇ ਪਰ ਹੋ ਸਕਦਾ ਹੈ ਇਨ੍ਹਾਂ ਨੂੰ ਇਲਾਜ ਦੀ ਲੋੜ ਪਵੇ। ਇਨਫਿਊਜ਼ਨ ਨੂੰ ਬੰਦ ਕੀਤਾ ਜਾ ਸਕਦਾ ਹੈ, ਅਤੇ ਇਸਨੂੰ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ/ਜਾਂ ਵਧੇਰੇ ਲੰਬੇ ਸਮੇਂ ਦੌਰਾਨ ਦਿੱਤਾ ਜਾ ਸਕਦਾ ਹੈ।

**ਇਨਫਿਊਜ਼ਨ ਨਾਲ ਸਬੰਧਿਤ ਇਨ੍ਹਾਂ ਅਣਚਾਹੇ ਅਸਰਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:**

- ਖਾਰਸ਼ ਹੋਣੀ
- ਸੀਟੀਆਂ ਵੱਜਣ ਵਰਗੀ ਆਵਾਜ਼ ਆਉਣਾ
- ਚੱਕਰ ਆਉਣੇ
- ਦਿਲ ਦੀ ਧੜਕਨ ਦਾ ਵਧਣਾ

TRAZIMERA ਦੇ ਅਗਲੇ ਇਨਫਿਊਜ਼ਨ ਤੋਂ ਪਹਿਲਾਂ ਕੁਝ ਵਿਸ਼ੇਸ਼ ਦਵਾਈਆਂ ਲੈਣਾ ਇਨ੍ਹਾਂ ਅਣਚਾਹੇ ਅਸਰਾਂ ਦੀ ਰੋਕਥਾਮ ਕਰ ਸਕਦੀਆਂ ਹਨ।

ਕਲੀਨਿਕਲ ਅਧਿਐਨਾਂ ਵਿੱਚ, ਸਭ ਤੋਂ ਵੱਧ ਆਮ ਅਣਚਾਹੇ ਅਸਰ ਸਨ ਬੁਖ਼ਾਰ ਅਤੇ ਕਾਂਬਾ ਲੱਗਣਾ, ਜੀਅ ਕੱਚਾ ਹੋਣਾ, ਉਲਟੀ ਆਉਣਾ, ਦਸਤ, ਦਰਦ ਅਤੇ ਸਿਰ ਦਰਦ। ਲੱਛਣਾਂ ਦਾ ਆਸਾਨੀ ਨਾਲ ਇਲਾਜ ਕੀਤਾ ਜਾ ਸਕਦਾ ਹੈ। TRAZIMERA ਤੋਂ ਪਹਿਲਾਂ ਕੁਝ ਵਿਸ਼ੇਸ਼ ਦਵਾਈਆਂ ਦੇਣਾ ਕੁਝ ਅਣਚਾਹੇ ਅਸਰਾਂ ਦੀ ਰੋਕਥਾਮ ਕਰ ਸਕਦਾ ਹੈ।

**ਘੱਟ ਆਮ ਅਣਚਾਹੇ ਅਸਰ ਇਹ ਹਨ:**

- ਸਾਹ ਚੜ੍ਹਨਾ ਅਤੇ ਪਾਣੀ ਦੀ ਧਾਰਣਾ, ਜੋ ਦਿਲ ਦੀਆਂ ਸਮੱਸਿਆਵਾਂ ਦੇ ਲੱਛਣ ਹਨ। ਇਹ ਦਿਲ ਦੀ ਮਾਸਪੇਸ਼ੀ 'ਤੇ ਪੈਣ ਵਾਲੇ ਪ੍ਰਭਾਵ ਕਰਕੇ ਹੁੰਦੀਆਂ ਹਨ ਜੋ ਦਿਲ ਦੀ ਪੰਪ ਕਰਨ ਦੀ ਕਿਰਿਆ ਦੀ ਸ਼ਕਤੀ ਨੂੰ ਘੱਟ ਕਰ ਦਿੰਦੀਆਂ ਹਨ। ਇਹ ਅਣਚਾਹਿਆ ਅਸਰ ਉਨ੍ਹਾਂ ਔਰਤਾਂ ਵਿੱਚ ਵਧੇਰੇ ਆਮ ਹੈ ਜਿੰਨ੍ਹਾਂ ਨੇ ਪਹਿਲਾਂ ਐਂਥਰਾਸਾਈਕਲੀਨ ਕੀਮੋਥੈਰੇਪੀ ਕਰਵਾਈ ਹੈ (ਉਦਾਹਰਣ ਲਈ ਡੋਕਸੋਰੂਬੀਸਿਨ, ਐਪੀਰੂਬੀਸਿਨ)। TRAZIMERA ਇਲਾਜ ਦੇ ਨਤੀਜੇ ਵਜੋਂ ਦਿਲ ਫੇਲ ਹੋਣ ਦੀ ਤੀਬਰਤਾ ਭਿੰਨ-ਭਿੰਨ ਹੋ ਸਕਦੀ ਹੈ ਅਤੇ ਇਸ ਲਈ ਦਿਲ ਦੀਆਂ ਦਵਾਈਆਂ ਨਾਲ ਇਲਾਜ ਦੀ ਲੋੜ ਪੈ ਸਕਦੀ ਹੈ ਅਤੇ/ਜਾਂ TRAZIMERA ਇਲਾਜ ਨੂੰ ਬੰਦ ਕਰਨ ਦੀ ਲੋੜ ਪੈ ਸਕਦੀ ਹੈ।
- ਸਾਹ ਚੜ੍ਹਨਾ, ਥਕਾਵਟ, ਜਾਂ ਦਿਲ ਦੀ ਧੜਕਨ ਵਧਣਾ, ਜੋ ਅਨੀਮੀਆ ਦੇ ਲੱਛਣ ਹਨ। ਇਹ ਲਾਲ ਖ਼ੂਨ ਸੈੱਲਾਂ ਦੀ ਸੰਖਿਆ ਵਿੱਚ ਅਸਥਾਈ ਤੌਰ 'ਤੇ ਕਮੀ ਕਰਕੇ ਹੁੰਦਾ ਹੈ।
- ਸਫੈਦ ਖ਼ੂਨ ਸੈੱਲਾਂ ਦੀ ਸੰਖਿਆ ਵਿੱਚ ਅਸਥਾਈ ਕਮੀ ਤੁਹਾਡੇ ਇਨਫੈਕਸ਼ਨ ਹੋਣ ਅਤੇ ਦਸਤ ਲੱਗਣ ਦੇ ਖ਼ਤਰੇ ਵਿੱਚ ਵਾਧਾ ਕਰ ਸਕਦੀ ਹੈ।

ਸਾਹ ਲੈਣ ਵਿੱਚ ਮੁਸ਼ਕਿਲ, ਥਕਾਵਟ ਅਤੇ ਭਾਰ ਘਟਣਾ ਆਮ ਤੌਰ 'ਤੇ ਫੇਫੜਿਆਂ ਦੀ ਬਿਮਾਰੀ ਕਾਰਨ ਦੇਖਿਆ ਗਿਆ ਹੈ।

**ਜੇਕਰ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਮਹਿਸੂਸਕਰਦੇ ਹੋ ਤਾਂ ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ:**

- ਸਾਹ ਚੜ੍ਹਨਾ
- ਖੰਘ ਦਾ ਵਧਣਾ
- ਪਾਣੀ ਦੀ ਧਾਰਣਾ ਦੇ ਨਤੀਜੇ ਵਜੋਂ ਲੱਤਾਂ ਦੀ ਸੋਜਸ਼
- ਦਸਤ – ਜੇ ਤੁਹਾਨੂੰ ਹਰ ਰੋਜ਼ ਚਾਰ ਵਾਰ ਤੋਂ ਵੱਧ ਦਸਤ ਆਉਂਦੇ ਹਨ ਜਾਂ ਰਾਤ ਸਮੇਂ ਕੋਈ ਦਸਤ ਲੱਗਦੇ ਹਨ
- ਲਾਗ ਦੇ ਲੱਛਣ ਜਿੰਨ੍ਹਾਂ ਵਿੱਚ ਸ਼ਾਮਲ ਹਨ:
  - ਬੁਖ਼ਾਰ (38°C ਜਾਂ ਇਸ ਤੋਂ ਵਧੇਰੇ ਤਾਪਮਾਨ)
  - ਗਲੇ ਵਿੱਚ ਖ਼ਰਾਸ਼
  - ਖੰਘ
  - ਕੋਈ ਲਾਲੀ ਜਾਂ ਸੋਜਸ਼
  - ਪਿਸ਼ਾਬ ਕਰਦੇ ਸਮੇਂ ਦਰਦ
- ਕਿਸੇ ਐਲਰਜੀ ਵਾਲੇ ਰਿਐਕਸ਼ਨ ਦੇ ਲੱਛਣਾਂ ਵਿੱਚ ਸ਼ਾਮਲ ਹਨ:
  - ਗਲੇ ਦਾ ਬੰਦ ਹੋਣਾ
  - ਬੁੱਲ੍ਹਾਂ ਅਤੇ ਜੀਭ ਦੀ ਸੋਜਸ਼
  - ਛਪਾਕੀਆਂ
  - ਧੱਫੜ
  - ਚੱਕਰ ਆਉਣੇ
  - ਦਿਲ ਦੀ ਧੜਕਣ ਤੇਜ਼ ਹੋਣਾ

TRAZIMERA ਦੇ ਸੰਭਾਵੀ ਅਣਚਾਹੇ ਅਸਰਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਤੁਹਾਡੀ ਸਿਹਤ-ਸੰਭਾਲ ਟੀਮ ਵੱਲੋਂ ਦਿੱਤੇ ਗਏ ਪੈਕੇਜ ਇਨਸਰਟ ਨੂੰ ਦੇਖੋ।

# ਮਹੱਤਵਪੂਰਨ ਸੁਰੱਖਿਆ ਜਾਣਕਾਰੀ

## ਗੰਭੀਰ ਚੇਤਾਵਨੀਆਂ ਅਤੇ ਸਾਵਧਾਨੀਆਂ

**ਦਵਾਈ ਦੇਣ ਵਿੱਚ ਗਲਤੀਆਂ**

TRAZIMERA (ਟਰਾਸਟੁਜ਼ੁਮੈਬ) ਅਤੇ Kadcyla® (ਟਰਾਸਟੁਜ਼ੁਮੈਬ ਐਮਟਾਨਸਾਈਨ) ਵਿਚਕਾਰ ਦਵਾਈ ਦੇਣ ਵਿੱਚ ਗਲਤੀਆਂ ਦਾ ਖਤਰਾ ਹੈ। ਸਿਹਤ-ਸੰਭਾਲ ਪ੍ਰਦਾਤਾ ਕੋਲੋਂ ਪੁਸ਼ਟੀ ਕਰੋ ਕਿ ਸਿਫਾਰਸ਼ ਕੀਤੀ TRAZIMERA (ਟਰਾਸਟੁਜ਼ੁਮੈਬ) ਖ਼ੁਰਾਕ ਦੀ ਵਰਤੋਂ ਕੀਤੀ ਗਈ ਹੈ ਅਤੇ ਨਾ ਕਿ Kadcyla (ਟਰਾਸਟੁਜ਼ੁਮੈਬ ਐਮਟਾਨਸਾਈਨ) ਦੀ ਖ਼ੁਰਾਕ ਦੀ।

**ਕਾਰਡੀਓਟੋਕਸੀਸਿਟੀ (ਦਿਲ ਲਈ ਨੁਕਸਾਨਦੇਹ)**

TRAZIMERA ਦੇ ਨਤੀਜੇ ਵਜੋਂ ਦਿਲ ਦੀਆਂ ਸਮੱਸਿਆਵਾਂ ਦਾ ਵਿਕਾਸ ਹੋ ਸਕਦਾ ਹੈ ਜਿਸ ਵਿੱਚ ਦਿਲ ਦਾ ਫੇਲ੍ਹ ਹੋਣਾ ਵੀ ਸ਼ਾਮਲ ਹੈ। ਦਿਲ ਦੇ ਫੇਲ੍ਹ ਹੋਣ ਦੇ ਸਾਹਮਣੇ ਆਉਣ ਵਿੱਚ ਦੇਰੀ ਹੋ ਸਕਦੀ ਹੈ ਅਤੇ ਇਹ TRAZIMERA ਨਾਲ ਇਲਾਜ ਦੇ ਪੂਰਾ ਹੋਣ ਦੇ ਬਾਅਦ ਵਾਪਰ ਸਕਦਾ ਹੈ। ਛਾਤੀ ਦੇ ਸ਼ੁਰੂਆਤੀ ਕੈਂਸਰ ਵਿੱਚ, ਦਿਲ ਦੇ ਵਿਕਾਰ ਦੀਆਂ ਘਟਨਾਵਾਂ ਉਨ੍ਹਾਂ ਮਰੀਜ਼ਾਂ ਵਿੱਚ ਵਧੇਰੇ ਸਨ ਜਿੰਨ੍ਹਾਂ ਨੇ ਟਰਾਸਟੁਜ਼ੁਮੈਬ ਪਲੱਸ ਕੀਮੋਥੈਰੇਪੀ ਬਨਾਮ ਇਕੱਲੇ ਕੀਮੋਥੈਰੇਪੀ ਪ੍ਰਾਪਤ ਕੀਤੀ ਸੀ, ਜਿਸ ਵਿੱਚ ਵਧੇਰੇ ਖਤਰਾ ਸੀ ਜਦੋਂ ਟਰਾਸਟੁਜ਼ੁਮੈਬ ਨੂੰ ਐਂਥਰਾਸਾਈਕਲੀਨ ਅਤੇ ਸਾਈਕਲੋਫੋਸਫਾਮਾਈਡ ਦੇ ਬਾਅਦ ਟੈਕਸੇਨ ਦੇ ਨਾਲ ਦਿੱਤਾ ਗਿਆ ਸੀ। ਛਾਤੀ ਦੇ ਕੈਂਸਰ ਵਾਲੇ ਮਰੀਜ਼ਾਂ ਵਿੱਚ ਜੋ ਸਰੀਰ ਦੇ ਹੋਰ ਹਿੱਸਿਆਂ ਜਾਂ ਅੰਗਾਂ ਵਿੱਚ ਫੈਲ ਗਿਆ ਹੈ, ਦਿਲ ਦੇ ਵਿਕਾਰ ਦਾ ਵਰਤਾਰਾ ਅਤੇ ਤੀਬਰਤਾ ਉਨ੍ਹਾਂ ਮਰੀਜ਼ਾਂ ਵਿੱਚ ਵਿਸ਼ੇਸ਼ ਤੌਰ 'ਤੇ ਵਧੇਰੇ ਸੀ ਜਿੰਨ੍ਹਾਂ ਨੂੰ ਐਂਥਰਾਸਾਈਕਲੀਨ ਅਤੇ ਸਾਈਕਲੋਫੋਸਫਾਮਾਈਡ ਦੇ ਨਾਲ-ਨਾਲ ਇੱਕੋ ਸਮੇਂ 'ਤੇ ਟਰਾਸਟੁਜ਼ੁਮੈਬ ਪ੍ਰਾਪਤ ਹੋਈ ਸੀ। **TRAZIMERA ਨਾਲ ਇਲਾਜ ਤੋਂ ਪਹਿਲਾਂ ਅਤੇ ਇਸਦੇ ਦੌਰਾਨ ਤੁਹਾਨੂੰ ਆਪਣੇ ਡਾਕਟਰ ਕੋਲੋਂ ਆਪਣੇ ਦਿਲ ਦੇ ਕੰਮ ਕਾਜ ਦਾ ਮੁਲਾਂਕਣ ਕਰਵਾਉਣਾ ਚਾਹੀਦਾ ਹੈ।**

**ਇਨਫਿਊਜ਼ਨ ਰਿਐਕਸ਼ਨ; ਫੇਫੜਿਆਂ ਦੀਆਂ ਸਮੱਸਿਆਵਾਂ**

ਕੁਝ ਕੁ ਮਰੀਜ਼ਾਂ ਵਿੱਚ ਇਨਫਿਊਜ਼ਨ ਦੇ ਗੰਭੀਰ ਰਿਐਕਸ਼ਨ ਹੋਏ ਹਨ ਅਤੇ ਫੇਫੜਿਆਂ ਦੀਆਂ ਸਮੱਸਿਆਵਾਂ ਹੋਈਆਂ ਹਨ; ਅਜਿਹੀਆਂ ਇਨਫਿਊਜ਼ਨ ਰਿਐਕਸ਼ਨਾਂ ਦੀ ਰਿਪੋਰਟ ਕੀਤੀ ਗਈ ਹੈ ਜੋ ਮੌਤ ਦਾ ਕਾਰਨ ਬਣਦੀਆਂ ਹਨ। ਜ਼ਿਆਦਾਤਰ ਮਾਮਲਿਆਂ ਵਿੱਚ, ਇਹ ਰਿਐਕਸ਼ਨ ਟਰਾਸਟੁਜ਼ੁਮੈਬ ਪ੍ਰਾਪਤ ਕਰਨ ਦੇ ਦੌਰਾਨ ਜਾਂ ਇਸਦੇ 24 ਘੰਟਿਆਂ ਦੇ ਅੰਦਰ ਵਾਪਰੀਆਂ। ਜੇਕਰ ਤੁਹਾਨੂੰ ਸਾਹ ਚੜ੍ਹਦਾ ਹੈ ਜਾਂ ਬਹੁਤ ਘੱਟ ਬਲੱਡ ਪ੍ਰੈਸ਼ਰ ਹੈ ਤਾਂ ਤੁਹਾਡੇ TRAZIMERA ਇਨਫਿਊਜ਼ਨ ਨੂੰ ਅਸਥਾਈ ਤੌਰ 'ਤੇ ਬੰਦ ਕਰ ਦੇਣਾ ਚਾਹੀਦਾ ਹੈ। ਤੁਹਾਡਾ ਡਾਕਟਰ ਤਦ ਤੱਕ ਤੁਹਾਡੀ ਨਿਗਰਾਨੀ ਕਰੇਗਾ ਜਦੋਂ ਤੱਕ ਇਹ ਲੱਛਣ ਚਲੇ ਨਹੀਂ ਜਾਂਦੇ। ਜੇਕਰ ਤੁਹਾਨੂੰ ਕੋਈ ਤੀਬਰ ਐਲਰਜੀ ਵਾਲਾ ਰਿਐਕਸ਼ਨ, ਸੋਜਸ਼, ਫੇਫੜਿਆਂ ਦੀਆਂ ਸਮੱਸਿਆਵਾਂ, ਫੇਫੜਿਆਂ ਦੀ ਜਲਣ, ਜਾਂ ਤੀਬਰ ਸਾਹ ਦੀ ਕਮੀ ਹੈ, ਤਾਂ ਹੋ ਸਕਦਾ ਹੈ ਤੁਹਾਡੇ ਡਾਕਟਰ ਨੂੰ ਤੁਹਾਡੇ TRAZIMERA ਇਲਾਜ ਨੂੰ ਪੂਰੀ ਤਰ੍ਹਾਂ ਬੰਦ ਕਰਨ ਦੀ ਲੋੜ ਪਵੇ।

**ਭਰੂਣ (ਅਣਜੰਮੇ ਬੱਚੇ) ਲਈ ਜ਼ਹਿਰੀਲਾਪਣ**

**TRAZIMERA ਭਰੂਣ (ਅਣਜੰਮੇ ਬੱਚੇ) ਨੂੰ ਨੁਕਸਾਨ ਪਹੁੰਚਾ ਸਕਦੀ ਹੈ, ਕੁਝ ਕੁ ਮਾਮਲਿਆਂ ਵਿੱਚ ਭਰੂਣ ਦੀ ਮੌਤ ਦਾ ਕਾਰਨ ਬਣ ਸਕਦਾ ਹੈ, ਜਦੋਂ ਇਸਨੂੰ ਕਿਸੇ ਗਰਭਵਤੀ ਔਰਤ ਵੱਲੋਂ ਲਿਆ ਜਾਂਦਾ ਹੈ।** ਉਹ ਔਰਤਾਂ ਜੋ ਗਰਭਵਤੀਆਂ ਹੋ ਸਕਦੀਆਂ ਹਨ, ਉਨ੍ਹਾਂ ਨੂੰ TRAZIMERA ਇਲਾਜ ਦੌਰਾਨ ਅਤੇ TRAZIMERA ਨਾਲ ਇਲਾਜ ਦੇ ਬਾਅਦ ਘੱਟੋ ਘੱਟ 7 ਮਹੀਨਿਆਂ ਲਈ ਅਸਰਦਾਰ ਜਨਮ ਕੰਟਰੋਲ ਵਿਧੀਆਂ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ। TRAZIMERA ਨਾਲ ਇਲਾਜ ਕੀਤੀਆਂ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਦੁੱਧ ਪਿਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ ਜਾਂ TRAZIMERA ਨੂੰ ਬੰਦ ਕਰ ਦੇਣਾ ਚਾਹੀਦਾ ਹੈ।

# ਮੇਰੀ ਅਗਲੀ ਮੁਲਾਕਾਤ ਲਈ ਤਿਆਰੀ ਕਰਨਾ

ਜੇਕਰ ਤੁਹਾਡੇ ਇਲਾਜ ਬਾਰੇ ਤੁਹਾਡੀਆਂ ਕੋਈ ਚਿੰਤਾਵਾਂ ਹਨ ਤਾਂ ਸਵਾਲ ਪੁੱਛਣਾ ਅਤੇ ਆਪਣੀ ਸਿਹਤ-ਸੰਭਾਲ ਟੀਮ ਨੂੰ ਦੱਸਣਾ ਮਹੱਤਵਪੂਰਨ ਹੈ। ਹੇਠਾਂ ਦਿੱਤੀ ਜਗ੍ਹਾ ਦੀ ਵਰਤੋਂ ਕਿਸੇ ਵੀ ਅਜਿਹੀ ਚੀਜ਼ ਨੂੰ ਲਿਖਣ ਲਈ ਕਰੋ ਜਿਸ ਬਾਰੇ ਤੁਸੀਂ ਆਪਣੀਆਂ ਅਗਲੀਆਂ ਕੁਝ ਮੁਲਾਕਾਤਾਂ ਦੌਰਾਨ ਆਪਣੀ ਟੀਮ ਨਾਲ ਗੱਲ ਕਰਨਾ ਚਾਹੋਗੇ।

1.
2.
3.
4.
5.
6.
7.
8.
9.
10.

## ਮੇਰੀ ਸਿਹਤ-ਸੰਭਾਲ ਟੀਮ ਦੀ ਸੰਪਰਕ ਜਾਣਕਾਰੀ

ਨਾਮ: ______________________ ਫ਼ੋਨ #: ______________

ਨਾਮ: ______________________ ਫ਼ੋਨ #: ______________

ਨਾਮ: ______________________ ਫ਼ੋਨ #: ______________

ਨਾਮ: ______________________ ਫ਼ੋਨ #: ______________

ਨਾਮ: ______________________ ਫ਼ੋਨ #: ______________

ਨਾਮ: ______________________ ਫ਼ੋਨ #: ______________



# ਸਹਾਇਤਾ ਨਾਲ ਮਦਦ ਹੋ ਸਕਦੀ ਹੈ

ਸਹਾਇਤਾ ਤੁਹਾਨੂੰ ਤੁਹਾਡੇ ਇਲਾਜ ਦੇ ਤਜ਼ਰਬੇ ਵਿੱਚੋਂ ਨਿਕਲਣ ਵਿੱਚ ਮਦਦ ਕਰ ਸਕਦੀ ਹੈ। ਜੇਕਰ ਤੁਸੀਂ ਕਿਸੇ ਸਹਾਇਤਾ ਗਰੁੱਪ ਦੇ ਮੈਂਬਰ ਬਣਨਾ ਚਾਹੁੰਦੇ ਹੋ, ਤਾਂ ਆਪਣੀ ਸਿਹਤ-ਸੰਭਾਲ ਟੀਮ ਨੂੰ ਪੁੱਛੋ ਕਿ ਕੀ ਤੁਹਾਡੇ ਖੇਤਰ ਵਿੱਚ ਕੋਈ ਅਜਿਹਾ ਗਰੁੱਪ ਹੈ।

## ਹੋਰ ਸਰੋਤ

**ਕੈਨੇਡੀਅਨ ਕੈਂਸਰ ਸੋਸਾਇਟੀ**

ਕੈਨੇਡੀਅਨ ਕੈਂਸਰ ਸੋਸਾਇਟੀ (CCS) ਇੱਕ ਕੌਮੀ, ਭਾਈਚਾਰਾ-ਆਧਾਰਿਤ ਸੰਸਥਾ ਹੈ ਜੋ ਕੈਂਸਰ ਤੋਂ ਪ੍ਰਭਾਵਿਤ ਮਰੀਜ਼ਾਂ ਅਤੇ ਪਰਿਵਾਰਾਂ ਨੂੰ ਜਾਣਕਾਰੀ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਾਉਂਦੀ ਹੈ।

CCS ਦਾ ਔਨਲਾਈਨ ਭਾਈਚਾਰਾ - Cancerconnection.ca - ਇੱਕ ਅਜਿਹੀ ਜਗ੍ਹਾ ਹੈ ਜਿੱਥੇ ਕੈਂਸਰ ਤੋਂ ਪ੍ਰਭਾਵਿਤ ਮਰੀਜ਼ ਅਤੇ ਪਰਿਵਾਰ ਆਪਣੇ ਤਜ਼ਰਬੇ ਸਾਂਝੇ ਕਰ ਸਕਦੇ ਹਨ ਅਤੇ ਸਹਾਇਤਾਕਾਰੀ ਰਿਸ਼ਤੇ ਬਣਾ ਸਕਦੇ ਹਨ। ਚਾਹੇ ਤੁਸੀਂ ਕਿਤੇ ਵੀ ਹੋਵੋਂ, ਤੁਸੀਂ ਹੋਰਨਾਂ ਨਾਲ ਔਨਲਾਈਨ ਜੁੜ ਸਕਦੇ ਹੋ ਅਤੇ ਇਹ ਜਾਣ ਸਕਦੇ ਹੋ ਕਿ ਤੁਸੀਂ ਇਕੱਲੇ ਨਹੀਂ ਹੋ।

www.cancerconnection.ca ਜਾਂ www.cancer.ca 'ਤੇ ਜਾਓ, ਜਾਂ 1-888-939-3333 'ਤੇ ਕਾਲ ਕਰੋ

**ਬ੍ਰੈਸਟ ਕੈਂਸਰ ਸੋਸਾਇਟੀ ਆਫ ਕੈਨੇਡਾ**

ਬ੍ਰੈਸਟ ਕੈਂਸਰ ਸੋਸਾਇਟੀ ਆਫ ਕੈਨੇਡਾ ਇੱਕ ਰਜਿਸਟਰਡ ਕੌਮੀ ਗੈਰ-ਮੁਨਾਫ਼ਾ ਚੈਰਿਟੀ ਹੈ, ਜੋ ਛਾਤੀ ਦੇ ਕੈਂਸਰ ਦੇ ਨਿਦਾਨ, ਇਲਾਜ, ਅਤੇ ਇਸਦੀ ਰੋਕਥਾਮ ਲਈ ਖੋਜ ਰਾਹੀਂ ਜ਼ਿੰਦਗੀਆਂ ਬਚਾਉਣ ਲਈ ਸਮਰਪਿਤ ਹੈ।

www.bcsc.ca 'ਤੇ ਜਾਓ ਜਾਂ 1-800-567-8767 'ਤੇ ਕਾਲ ਕਰੋ

**ਰੀਥਿੰਕ ਬ੍ਰੈਸਟ ਕੈਂਸਰ**

ਰੀਥਿੰਕ ਬ੍ਰੈਸਟ ਕੈਂਸਰ ਨੌਜਵਾਨ ਅਤੇ ਪ੍ਰਭਾਵਸ਼ਾਲੀ ਛਾਤੀ ਦੇ ਕੈਂਸਰ ਦੇ ਸਮਰਥਕਾਂ ਦੀ ਇੱਕ ਨਵੀਂ ਪੀੜ੍ਹੀ ਨੂੰ ਉਤਸ਼ਾਹਤ ਕਰਨ ਲਈ ਦਲੇਰਾਨਾ, ਸਬੰਧਿਤ ਜਾਗਰੁਕਤਾ ਲਿਆਉਂਦੀ ਹੈ ਅਤੇ ਸਭ ਤੋਂ ਲਾਜ਼ਮੀ ਤੌਰ 'ਤੇ ਛਾਤੀ ਦੇ ਕੈਂਸਰ ਨਾਲ ਜੀਵਨ ਬਸਰ ਕਰ ਰਹੀਆਂ ਮੁਟਿਆਰਾਂ ਦੀਆਂ ਵਿਲੱਖਣ ਲੋੜਾਂ ਵਿੱਚ ਮਦਦ ਕਰਦੀ ਹੈ।

www.rethinkbreastcancer.com 'ਤੇ ਜਾਓ ਜਾਂ 416-220-0700 'ਤੇ ਕਾਲ ਕਰੋ

**ਕੈਨੇਡੀਅਨ ਬ੍ਰੈਸਟ ਕੈਂਸਰ ਨੈੱਟਵਰਕ**

ਕੈਨੇਡੀਅਨ ਬ੍ਰੈਸਟ ਕੈਂਸਰ ਨੈੱਟਵਰਕ ਸਿੱਖਿਆ, ਵਕਾਲਤੀ ਸਰਗਰਮੀਆਂ ਅਤੇ ਜਾਣਕਾਰੀ ਸਾਂਝੀ ਕਰਨ ਦੇ ਪ੍ਰਚਾਰ ਰਾਹੀਂ ਛਾਤੀ ਦੇ ਕੈਂਸਰ ਦੇ ਮਰੀਜ਼ਾਂ ਦੇ ਦ੍ਰਿਸ਼ਟੀਕੋਣਾਂ ਅਤੇ ਚਿੰਤਾਵਾਂ ਬਾਰੇ ਆਵਾਜ਼ ਉਠਾਉਣ ਲਈ ਲਗਾਤਾਰ ਕੋਸ਼ਿਸ਼ ਕਰਦਾ ਹੈ।

www.cbcn.ca 'ਤੇ ਜਾਓ ਜਾਂ 1-800-685-8820 'ਤੇ ਕਾਲ ਕਰੋ

ਇਸ ਪੰਨੇ 'ਤੇ ਸੁਝਾਏ ਗਏ ਸਰੋਤਾਂ ਦਾ ਮਤਲਬ ਤੀਜੀ-ਧਿਰ ਦੀਆਂ ਸੰਸਥਾਵਾਂ ਦੀ ਤਸਦੀਕ ਜਾਂ ਉਨ੍ਹਾਂ ਨਾਲ ਸਬੰਧ ਨਹੀਂ ਹੈ ਅਤੇ ਇਨ੍ਹਾਂ ਨੂੰ ਕੇਵਲ ਜਾਣਕਾਰੀ ਦੇ ਮਕਸਦਾਂ ਲਈ ਹੀ ਦਿੱਤਾ ਗਿਆ ਹੈ। Pfizer ਗੈਰ-Pfizer ਸਾਈਟਾਂ ਦੀ ਸਮੱਗਰੀ ਵਾਸਤੇ ਜ਼ਿੰਮੇਵਾਰ ਨਹੀਂ ਹੈ।



# Pfizer Liaison

## ਮਰੀਜ਼ ਸਹਾਇਤਾ ਪ੍ਰੋਗਰਾਮ

**ਤੁਹਾਨੂੰ ਉਨ੍ਹਾਂ ਸਰੋਤਾਂ ਨਾਲ ਜੋੜਨਾ ਜੋ ਤੁਹਾਡੇ ਇਲਾਜ ਦੀ ਪੂਰਤੀ ਕਰਦੇ ਹਨ ਅਤੇ ਤੁਹਾਡੀ ਸਿਹਤ-ਸੰਭਾਲ ਟੀਮ ਵੱਲੋਂ ਕੀਤੀ ਗਈ ਦੇਖਭਾਲ ਨੂੰ ਸਹਿ-ਸੰਪੰਨ ਬਣਾਉਂਦਾ ਹੈ**

- ਭੁਗਤਾਨ-ਵਾਪਸੀ ਵਿੱਚ ਮਦਦ ਅਤੇ ਮੁਲਾਂਕਣ
- ਬੀਮਾ ਫਾਇਦਿਆਂ ਦਾ ਤਾਲਮੇਲ
- ਵਿੱਤੀ ਸਹਾਇਤਾ*
- ਇਲਾਜ ਬਾਰੇ ਜਾਣਕਾਰੀ

Pfizer Liaison ਨਾਲ ਜੁੜਨ ਲਈ, ਸਾਡੇ ਨਾਲ ਸੰਪਰਕ ਕਰੋ: ਫ਼ੋਨ, 1-844-533-0150; ਫ਼ੈਕਸ, 1-844-533-1151; ਜਾਂ ਈਮੇਲ, pfizerliaison@rxinfinity.ca ਰਾਹੀਂ

**ਹੋਰ ਜਾਣਕਾਰੀ ਲਈ, ਕਿਰਪਾ ਕਰਕੇ mypfizer.ca ਨੂੰ ਦੇਖੋ**

* ਵਿੱਤੀ ਸਹਾਇਤਾ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ।

---

**ਹਵਾਲੇ:**

**1.** TRAZIMERA® Product Monograph. Pfizer Canada ULC. 2021.

**2.** Health Canada. ਕੈਨੇਡਾ ਵਿੱਚ ਬਾਇਓਸਿਮਿਲਰ ਬਾਇਓਲੌਜਿਕ ਦਵਾਈਆਂ: ਤੱਥ ਸ਼ੀਟ। ਇੱਥੇ ਉਪਲੱਬਧ ਹੈ https://www.canada.ca/en/health-canada/services/drugs-health-products/biologics-radiopharmaceuticals-genetic-therapies/applications-submissions/guidance-documents/fact-sheet-biosimilars.html। 16 ਸਤੰਬਰ, 2020 ਨੂੰ ਦੇਖਿਆ ਗਿਆ।

TRAZIMERA® Pfizer Inc. ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ ਜਿਸਨੂੰ ਲਾਇਸੰਸ ਤਹਿਤ ਵਰਤਿਆ ਜਾਂਦਾ ਹੈ।
Perjeta® F. Hoffmann-La Roche AG ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ ਜਿਸਨੂੰ ਲਾਇਸੰਸ ਤਹਿਤ ਵਰਤਿਆ ਜਾਂਦਾ ਹੈ।
Kadcyla® F. Hoffmann-La Roche AG ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ ਜਿਸਨੂੰ ਲਾਇਸੰਸ ਤਹਿਤ ਵਰਤਿਆ ਜਾਂਦਾ ਹੈ। © 2022 Pfizer Canada ULC. ਸਾਰੇ ਹੱਕ ਰਾਖਵੇਂ ਹਨ।

Pr Trazimera® (ਟਰਾਸਟੂਜ਼ੁਮੈਬ)